ਭਾਈ ਸ਼ੰਕਾਵਾਦੀ ਸਜਨੋ, ਏਥੇ ਹਜ਼ੂਰ ਸਾਹਿਬ ਵਿਚ ਘੋੜੀਆਂ ਦੇ ਤਬੇਲੇ ਦੇ ਦਰਸ਼ਨ ਕੀਤੇ ਹੋਨੇ । ਇਹ ਤਬੇਲੇ ਘੋੜੇ ਦਾ ਇਥੇ ਦਸ਼ਮੇਸ਼ ਪਿਤਾ ਜੀ ਛਡ ਕੇ ਗਏ ਸਨ । ਸੋ ਉਸਤਰ੍ਹਾਂ ਹੁਣ ਤਕ ਕਾਇਮ ਰਖਿਆ ਗਯਾ ਹੈ । ਜੇ ਇਕ ਮ੍ਰਿਜਾਦਾ ਕਰਨੀ ਪਈ, ਤਾਂ ਪਟਨਾ ਸਾਹਿਬ, ਅਨੰਦਪੁਰ ਸਾਹਿਬ ਅਕਾਲ ਤਖ਼ਤ ਸਾਹਿਬ ਘੋੜੇ ਰਖੋਗੇ । ਉਸ ਵਖ਼ਤ ਭੀ ਏਹੀ ਕਹੋਗੇ, 'ਏਹਦੀ ਕੀ ਜ਼ਰੂਰਤ ਹੈ', ਕਿਉਂਕਿ ਤੁਸੀਂ ਨਾਸਤਕ ਮਤ ਵਾਲੇ ਜੋ ਹੋਏ । ਦੇਖੋ ਸੰਗਤ ਨੇ ਕਾਸ਼ੀ ਬਨਾਰਸ ਗੁਰਦਵਾਰਾ ਬੜੀ ਸੰਗਤ ਵਿਚ ਮਹਾਰਾਜ ਜੀ ਦੀਆਂ ਚਪਲਾਂ ਦਸ਼ਮੇਸ਼ ਪਾਤਸ਼ਾਹ ਜੀ ਦੀਆਂ ਔਰ ਨੌਂਵੇਂ ਪਾਤਸ਼ਾਹ ਜੀ ਦਾ ਏਕ ਚੋਲਾ ਸਾਂਭ ਕੇ ਰਖਿਆ ਹੋਯਾ ਹੈ, ਜਿਸ ਦੀ ਪੂਜਾ ਹੋ ਰਹੀ ਹੈ । ਸੰਗਰਾਂਦ ਵਾਲੇ ਦਿਨ ਕੜਾਹ ਪ੍ਰਸਾਦ ਸਜਾ ਕੇ ਸੰਗਤਾਂ ਨੂੰ ਦਰਸ਼ਨ ਕਰਾਯਾ ਜਾਂਦਾ ਹੈ । ਇਸ ਤੋਂ ਅਲਾਵਾ ਭੀ ਕੋਈ ਦਰਸ਼ਨ ਕਰਨਾ ਚਾਹੇ, ਤਾਂ ਉਥੋਂ ਦੇ ਪ੍ਰਬੰਧਕ ਵਾ ਗ੍ਰਿੰਥੀ ਕਹਿੰਦੇ ਹਨ, 'ਭਾਈ ਕੜਾਹ ਪ੍ਰਸਾਦਿ ਤੋਂ ਬਿਨਾਂ ਦਰਸ਼ਨ ਨਹੀਂ ਕਰਾਏ ਜਾਂਦੇ' । ਏਸ ਦਾ ਮਤਲਬ ਏਹ ਹੋਯਾ ਕਿ ਜਿਥੇ ਜਿਥੇ ਗੁਰੂ ਸਾਹਿਬ ਜੀ ਦੇ ਵਕਤ ਦੀਆਂ ਕੋਈ ਨਿਸ਼ਾਨੀਆਂ ਯਾਦਗਾਰ ਹੈ, ਉਥੇ ਹੀ ਪੂਜਾ ਵ ਸੇਵਾ ਹੋ ਰਹੀ ਹੈ । ਜੇ ਕੋਈ ਮਨੇਜਰ ਹਜ਼ੂਰ ਸਾਹਿਬ ਤੇ ਡਿਵਟੀ ਤੇ ਲਗ ਜਾਂਦਾ ਹੈ, ਤਾਂ ਓਹ ਮਹਾਰਾਜ ਜੀ ਦੇ ਘੋੜਿਆਂ ਦਾ ਚਨਾ ਵ ਚਾਰਾ ਘਟਾ ਕਰ ਦੇਵੇਂ ਕਹਿੰਦਾ ਹੈ ਕਿ ਫ਼ਾਲਤੂ ਖ਼ਰਚਾ ਹੈ, ਬਚਤ ਕਰੋ । ਜਿਸ ਤੋਂ ਗੁਰੂ ਸਾਹਿਬ ਜੀ ਦੇ ਘੋੜੇ ਲਿਸੇ ਪਏ ਜਾਂਦੇ ਹਨ । ਕਈ ਪੂਰੀ ਖ਼ੁਰਾਕ ਨਾ ਮਿਲਨ ਕਰਕੇ ਬੀਮਾਰ ਹੋ ਜਾਂਦੇ ਹਨ । ਉਨ੍ਹਾਂ ਵਿਚੋਂ ਕਈ ਚੜ੍ਹਾਈ ਕਰ ਜਾਂਦੇ ਹਨ । ਏਕ ਤਾਂ ਮਹਾਰਾਜ ਜੀ ਦੇ ਘੋੜਿਆਂ ਵਾਸਤੇ ਜੋਗ ਸੇਵਾਦਾਰ ਨਹੀਂ ਰਖਿਆ ਜਾਂਦਾ, ਇਸ ਵਿਚੋਂ ਭੀ ਮੈਨੇਜਰ ਸਾਹਿਬ ਬਚਤ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ । ਏਹ ਕਦੀ ਅਪਨੇ ਬਾਰੇ ਬਚਤ ਕਰਨ ਦਾ ਖ਼ਿਆਲ ਨਹੀਂ ਕਰਦੇ ਕਿ ਮੇਰੇ ਤੋਂ ਪਹਿਲਾਂ ੧੦੦ ਰੁਪਏ ਤੇ ਡਿਊਟੀ ਵ ਸੇਵਾ ਕਰਦੇ ਹਰੇ ਹਨ, ਮੈਂ ਭੀ ਏਕ ਸੌ ਲੈ ਕੇ ਦੋ ਸੌ ਗੁਰੂ ਜੀ ਕੀ ਗੋਲਕ ਦੀ ਬਚਤ ਕਰਾਂ । ਮੈਨੇਜਰ ਸਾਹਿਬ ਗੁਰਦਵਾਰੇ ਸਾਹਿਬ ਦਾ ਪਿਟਰੌਲ ਖ਼ਰਚ ਕਰਦੇ ਹਨ । ਉਦੋਂ ਨਹੀਂ ਸੋਚਦੇ ਕਿ ਬਚਤ ਕਰੀਏ । ਮੈਨੇਜਰ ਸਾਹਿਬ ਜੀਓ, ਏਹ ਓਹ ਘੋੜੇ ਹਨ ਗੁਰੂ ਸਾਹਿਬ ਜੀ ਦੇ, ਜੋ ਗੁਰੂ ਸਾਹਿਬ ਮਾਈ ਸੁਲਖਣੀ ਨੂੰ ਏਕ ਪੁਤ ਲਿਖਦੇ ਹਨ । ਮਹਾਰਾਜ ਜੀ ਦਾ ਘੋੜਾ ਪੈਰ ਚੁਕਦਾ, ਕਲਮ ਹਿਲ ਜਾਂਦੀ ਹੈ । ਏਕੇ ਦਾ ਸਾਤਾ ਬਨ ਜਾਂਦਾ ਹੈ । ਗੁਰੂ ਸਾਹਿਬ ਫ਼ੁਰਮਾਉਂਦੇ ਹਨ, 'ਲੈ ਮਾਈ, ਅਸੀਂ ਏਕ ਲਿਖਨ ਲਗੇ ਸਾਂ, ਘੋੜੇ ਨੇ ਸਾਤਾ ਕਰ ਦਿਤਾ ਹੈ । ਤੇਰੇ ਸੱਤ ਪੁਤਰ ਜਮਨਗੇ' । ਅਸੀਂ ਮੈਨੇਜਰ ਸਾਹਿਬ ਪਾਸ ਬੇਨਤੀ ਕਰਾਂਗੇ ਕਿ ਗੁਰੂ ਸਾਹਿਬ ਜੀ ਦੇ ਘੋੜੇਆਂ ਦੀ ਪੂਰੀ ਸੰਭਾਲ ਰਖਣ ਔਰ ਪੂਰਾ ਚਾਰਾ ਦਾਨਾ ਅਛੇ ਤੋਂ ਅਛਾ ਦੇਨਾ । ਦੇ ਕੇ ਦਸ਼ਮੇਸ਼ ਪਿਤਾ ਜੀ ਦੀਆਂ ਖ਼ੁਸ਼ੀਆਂ ਹਾਸਿਲ ਕਰਨ, ਕਿਉਂਕਿ ਚਾਰਾ-ਦਾਨਾ ਵ ਸੇਵਾਦਾਰ ਦੀ ਤਨਖਾਹ ਗੁਰੂ ਸਾਹਿਬ ਜੀ ਦੇ ਖ਼ਜ਼ਾਨੇ ਵਿਚੋਂ ਦੇਨੀ ਹੈ । ਕੋਈ ਅਪਨੀ ਤਨਖਾਹ ਵਿਚੋਂ ਨਹੀਂ ਦੇਨੀ ਹੈ । ਸੰਗਤਾਂ ਤਾਂ ਗੁਰੂ ਸਾਹਿਬ ਜੀ ਦੇ ਕੁਤਿਆਂ ਦਾ ਭੀ ਅਦਬ ਕਰਦੇ ਹਨ : -

ਵਾਰ ਭਾਈ ਗੁਰਦਾਸ ਜੀ ਦੀ : -

ਲੈਲੀ ਦੀ ਦਰਗਾਹ ਦਾ ਕੁਤਾ ਮਜਨੂੰ ਦੇਖਿ ਲੁਭਾਣਾ ।
ਕੁਤੇ ਦੀ ਪੈਰੀਂ ਪਵੈ ਹੜਿ ਹੜਿ ਹਸੈ ਲੋਕ ਵਿਡਾਣਾ ।[1]

ਸੋ ਭਾਈ ਸ਼ੰਕਾਵਾਦੀ ਸਜਨੋ, ਗੁਰੂ ਸਾਹਿਬ ਜੀ ਦੇ ਘੋੜਿਆਂ ਦਾ ਤਬੇਲਾ ਗੁਰੂ ਸਾਹਿਬ ਜੀ ਦੇ ਵਖਤੋਂ ਹੀ ਚਲੇ ਆਉਂਦਾ ਹੈ । ਏਹ ਹਜ਼ੂਰ ਸਾਹਿਬ ਦੀ ਪੁਰਾਤਨ ਮ੍ਰਿਜਾਦਾ ਹੈ । ਦਸ਼ਮੇਸ਼ ਪਿਤਾ ਜੀ ਅਪਨੀ ਸ੍ਰੀ ਮੁਖਵਾਕ ਪਾ: ੧੦ ਵਿਚ ਫ਼ੁਰਮਾਉਂਦੇ ਹਨ

ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥[2]

ਏਹ ਹਜ਼ੂਰੀ ਸਿੰਘਾਂ ਨੇ ਮਹਾਰਾਜ ਜੀ ਦੇ ਘੋੜਿਆਂ ਨੂੰ ਸਾਂਭ ਕੇ ਰਖਿਆ ਹੈ, ਤਾਂ ਬਾਹਰੋਂ ਸੰਗਤਾਂ ਉਨ੍ਹਾਂ ਵਾਸਤੇ ਸੁਨੈਹਿਰੀ ਸਾਜ, ਗਲੇ ਦੇ ਹਾਰ ਆਦਿਕ ਭੇਟਾ ਕਰਦੇ ਹਨ । ਜਦੋਂ ਸਾਜ ਸਜਾ ਕੇ ਜਲੂਸ ਵਿਚ ਗੁਰੂ ਸਾਹਿਬ ਜੀ ਦਾ ਘੋੜਾ ਲਿਆਯਾ ਜਾਂਦਾ ਹੈ, ਤਾਂ ਸੰਗਤ ਦਾ ਵ ਹਜ਼ੂਰੀ ਸਿੰਘਾਂ ਦਾ ਪ੍ਰੇਮ ਦੇਖ ਕਰ ਦਸ਼ਮੇਸ਼ ਪਿਤਾ ਜੀ ਸੂਖਮ ਸਰੂਪ ਵਿਚ ਘੋੜੇ ਤੇ ਆ ਕੇ ਅਸਵਾਰ ਹੁੰਦੇ ਹਨ । ਕਈ ਗਿਆਨ ਨੇਤ੍ਰਾਂ ਵਾਲੇ ਪ੍ਰੇਮੀਆਂ ਨੂੰ ਝਲ ਕੇ ਪੈਂਦੇ ਹਨ ।

ਸੋ ਸਾਧ ਸੰਗਤ ਜੀਓ, ਸ਼ੰਕਾਵਾਦੀ ਸਜਨਾਂ ਨੂੰ ਵ ਮਨੇਜਰ ਸਾਹਿਬ ਨੂੰ ਭਾਈ ਬਿਧੀ ਚੰਦ ਦੀਆਂ ਅਖਾਂ ਨਾਲ ਮਹਾਰਾਜ ਜੀ ਦੇ ਘੋੜਿਆਂ ਨੂੰ ਦੇਖਨਾ ਚਾਹੀਏ ਕਿ ਕਿਸਤਰ੍ਹਾਂ ਭਾਈ ਬਿਧੀ ਚੰਦ ਘਾਹੀਆ ਬਨ ਕੇ ਦਿਲਬਾਗ ਔਰ ਗੁਲਬਾਗ ਘੋੜਿਆਂ ਦੀ ਗੁਰੂ ਸਾਹਿਬ ਜੀ ਦੇ ਸਮਝ ਕੇ ਸੇਵਾ ਕਰ ਰਹੇ । ਭਾਈ ਬਿਧੀ ਚੰਦ ਜੀ ਦੇ ਬਾਰੇ ਕਵਿਤਾ ਵਿਚ ਇਸਤਰ੍ਹਾਂ ਆਂਉਂਦਾ ਹੈ ਕਿ ਭਾਈ ਬਿਧੀ ਚੰਦ ਘਾਹੀਆ ਬਨ ਕੇ ਘਾਹ ਅਛਾ ਅਛਾ ਬਟੋਰ ਕੇ ਪੰਡ ਬੰਨ੍ਹ ਕੇ ਮੰਡੀ ਵਿਚ ਲਿਆ ਕੇ ਰਖੇ ਸਾਰੇ ਗਾਹਕ ਭਾਈ ਸਾਹਿਬ ਜੀ ਦੇ ਦੁਆਲੇ ਹੋ ਗਏ । ਘਾਹ ਖਰੀਦਨ ਵਾਲੇ ਨੂੰ ਭਾਈ ਸਾਹਿਬ ਉਤਰ ਵਿਚ ਐਉਂ ਫ਼ੁਰਮਾਯਾ, "ਮੋ ਸੋ ਘਾਂਸ ਦੀਆ ਨਾ ਜਾਵਾ । ਲੋਗਨ ਕਾਹੇ ਸ਼ੋਰ ਮਚਾਵਾ । ਭੀਨ ਭੀਨ ਕਰ ਘਾਸ ਮੈ ਲਿਆਵਾ । ਮੇਰੋ ਗੁਰੂ ਜੀ ਕੋ ਘੋੜਾ ਖ਼ੂਬ ਪ੍ਰੇਮ ਸਿਉਂ ਇਸ ਕੋ ਖਾਵਾ ।"

ਦਰੋਗਾ ਕਿਸਤਰ੍ਹਾਂ ਘਾਹ ਦੀ ਪੰਡ ਖਰੀਦਦਾ ਹੈ ਔਰ ਕਿਸਤਰ੍ਹਾਂ ਭਾਈ ਸਾਹਿਬ ਦੇ ਸਿਰ ਤੇ ਚੁਕਾ ਕੇ ਕਿਲੇ ਵਿਚ ਘੋੜੀਆਂ ਪਾਸ ਲਿਜਾਂਦਾ ਹੈ ਔਰ ਕਿਸਤਰ੍ਹਾਂ ਭਾਈ ਸਾਹਿਬ ਪੰਡ ਰਖਕੇ ਘੋੜਿਆਂ ਨੂੰ ਮਥਾ ਟੇਕਦੇ ਹਨ, ਕਿਸ ਤਰ੍ਹਾਂ ਪ੍ਰਕਰਮਾ ਕਰਦੇ ਹਨ । ਦਰੋਗਾ ਦੇ ਪੁਛਨ ਤੇ ਫ਼ੁਰਮਾਂਦੇ ਹਨ ਕਿ ਏਹ ਮੇਰੇ ਸਚੇ ਪਾਤਸ਼ਾਹ ਦੇ ਘੋੜੇ ਹਨ । ਦਰੋਗਾ ਸਮਝਦਾ ਹੈ ਕਿ ਸਾਡੇ ਸਚੇ ਪਾਤਸ਼ਾਹ ਨੂੰ ਸਚਾ ਪਾਤਸ਼ਾਹ ਕਹਿ ਰਿਹਾ ਹੈ । ਸੋ ਭਾਈ ਸ਼ੰਕਾਵਾਦੀ ਸਜਨੋ, ਪ੍ਰਸੰਗ ਬਹੁਤ ਬੜਾ ਹੈ । ਇਥੇ ਵਿਸਥਾਰ ਹੋਨ ਤੋਂ ਸੰਕੋਚ ਕੀਤਾ ਗਿਆ ਹੈ । ਕਿਧਰੇ ਮਹਿਲਿਆਂ ਦੇ

---

[1] ਪਉੜੀ ੩੧, ਵਾਰ ੩੭, ਭਾਈ ਸਾਹਿਬ ਗੁਰਦਾਸ ਜੀ।

[2] ਸ੍ਰੀ ਅਕਾਲ ਉਸਤਤਿ, ਪੰਨਾ ੧੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

ਟੈਮ ਜਲੂਸ ਵਿਚ ਮਹਾਰਾਜ ਜੀ ਦੇ ਘੋੜੇ ਸਨੱਧਬੱਧ ਕੀਤੇ ਹੋਏ ਜੇ ਦਰਸ਼ਨ ਕਰੋ, ਤੁਹਾਨੂੰ ਆਪੇ ਪਤਾ ਲਗੇਗਾ ਕਿ ਕੀ ਅਲੋਕਿਕ ਨਜ਼ਾਰਾ ਹੈ । ' ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥'[3] ਸੁਣਿਨ ਵਿਚ ਆਇਆ ਹੈ ਕਿ ਪਹਿਲੇ ਹਜ਼ੂਰ ਸਾਹਿਬ ਦੇ ਤਬੇਲੇ ਵਿਚ ਹਾਥੀ ਹੁੰਦਾ ਸੀ । ਉਸ ਵਖਤ ਦੇ ਮੈਨੇਜਰ ਹਾਥੀ ਦਾ ਖ਼ਰਚਾ ਵ ਤਬੇਲੇ ਦਾ ਖ਼ਰਚਾ ਗੁਰੂ ਸਾਹਿਬ ਜੀ ਦੀ ਔਰ ਤਖ਼ਤ ਸਾਹਿਬ ਜੀ ਦੀ ਸ਼ਾਨ ਸਮਝਦੇ ਸਨ । ਪ੍ਰਮਾਨ : -

ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ ॥ [4]

[3] ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[4] ਰਾਗੁ ਸੂਹੀ ਮਹਲਾ ੫ ਘਰੁ ੬, ਪੰਨਾ ੭੪੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।